## ਇੰਸਟੀਚਿਊਟ ਮੈਨੇਜਮੈਂਟ ਕਮੇਟੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:) ਮੂਨਕ, (ਸੰਗਰੂਰ)

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ DIT-PCM060 (11)/20/2024/E-750618/177-313 ਮਿਤੀ 07.01.2025 ਦੇ ਅਨੁਸਾਰ ਆਈ.ਐਮ.ਸੀ., ਸਰਕਾਰੀ ਆਈ.ਟੀ.ਆਈ. (ਇ:) ਮੂਨਕ ਵੱਲੋਂ ਨਿਰੋਲ ਆਰਜੀ ਤੌਰ 'ਤੇ ਸੈਸ਼ਨ 2024-25 ਲਈ ਵੱਖ-ਵੱਖ ਟਰੇਡਾਂ (ਡਰੈਸ ਮੇਕਿੰਗ-02, ਇਲੈਕਟ੍ਰੋਨਿਕਸ ਮਕੈ. 01, ਕੋਪਾ (ਕੰਪਿਊਟਰ)-01, ਸਰਫੇਸ ਉਰਨਾਮੈਨਟੇਸ਼ਨ ਤਕਨੀਕ (ਕਢਾਈ) 01 ਲਈ ਗੈਸਟ ਫੈਕਲਟੀ ਇੰਸਟਰੱਕਟਰ ਦੀਆਂ ਅਸਾਮੀਆਂ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦਾ ਪੱਕੀ ਨੌਕਰੀ ਨਾਲ ਕੋਈ ਸਬੰਧ ਨਹੀਂ ਹੈ। ਉਮੀਦਵਾਰਾਂ ਪਾਸ ਤਜ਼ਰਬਾ ਸਰਟੀਫਿਕੇਟ ਨਿਯਮਾਂ ਅਨੁਸਾਰ ਸਮਰੱਥ ਅਧਿਕਾਰੀ ਤੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ। ਇਸ ਨੌਕਰੀ ਲਈ 15000/- ਪ੍ਰਤੀ ਮਹੀਨਾ ਉੱਕਾ-ਪੁੱਕਾ ਬਿਨਾਂ ਕਿਸੇ ਭੱਤੇ ਤੋਂ ਦਿੱਤਾ ਜਾਵੇਗਾ। ਚਾਹਵਾਨ ਉਮੀਦਵਾਰ ਆਪਣੀਆਂ ਅਰਜ਼ੀਆਂ ਦਸਤੀ/ਰਜਿਸਟਰ ਡਾਕ ਰਾਹੀਂ ਇਸ ਸੰਸਥਾ ਵਿਖੇ ਮਿਤੀ 13.02.2025, ਸ਼ਾਮ 05.00 ਵਜੇ ਤੱਕ ਪੁੱਜਦੀਆਂ ਕਰ ਸਕਦੇ ਹਨ। ਸੰਸਥਾ ਵਿਖੇ ਪ੍ਰਾਪਤ ਅਰਜ਼ੀਆਂ ਅਨੁਸਾਰ ਉਮੀਦਵਾਰਾਂ ਦੀ ਇੰਟਰਵਿਊ ਮਿਤੀ 21.02.2025 ਨੂੰ ਇਸ ਸੰਸਥਾ ਵਿਖੇ ਸਵੇਰੇ 09.00 ਵਜੇ ਹੋਵੇਗੀ। ਇੰਟਰਵਿਊ ਸਬੰਧੀ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ। ਇੰਟਰਵਿਊ ਸਮੇਂ ਉਮੀਦਵਾਰ ਆਪਣੇ ਸਾਰੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣ। ਇਨ੍ਹਾਂ ਅਸਾਮੀਆਂ ਵਿਚ ਵਾਧਾ-ਘਾਟਾ ਕਰਨ, ਇਸ਼ਤਿਹਾਰ ਨੂੰ ਰੱਦ ਕਰਨ ਦੇ ਸਾਰੇ ਅਧਿਕਾਰ ਆਈ.ਐਮ.ਸੀ., ਆਈ.ਟੀ.ਆਈ. (ਇ:) ਮੂਨਕ ਪਾਸ ਰਾਖਵੇਂ ਹੋਣਗੇ। ਲੋੜੀਂਦੀ ਵਿੱਦਿਅਕ/ਤਕਨੀਕੀ ਯੋਗਤਾ ਅਤੇ ਤਜ਼ਰਬਾ ਸਬੰਧੀ ਸੂਚਨਾ https://dgt.gov.in/cts-details ਪ੍ਰਾਪਤ ਕੀਤੀ ਜਾ ਸਕਦੀ ਹੈ।

ਸੰਪਰਕ ਨੰਬਰ: 9464251233, 9530832177

**ਸਹੀ/- ਚੇਅਰਮੈਨ,**

**ਆਈ.ਐਮ.ਸੀ. ਸਰਕਾਰੀ ਆਈ.ਟੀ.ਆਈ. (ਇ:), ਮੂਨਕ।**

DPR/Pb/41291